## ਜਿਨ ਕੇ ਚੋਲੇ ਰਤੜੇ ਪਿਆਰੇ

## ਕੰਤੁ ਤਿਨਾ ਕੈ ਪਾਸਿ॥

ਹੇ ਮੇਰੇ ਪਿਆਰੇ ! ਜਿਨ੍ਹਾਂ ਦੇ ਚੋਲੇ, ਭਾਵ, ਸਰੀਰ ਵਾਹਗੁਰੂ ਦੇ ਪ੍ਰੇਮ ਦੇ ਰੰਗ ਵਿਚ ਰੰਗੇ ਹੋਏ ਹਨ, ਉਹ ਕੰਤ, ਪ੍ਰਭੂ ਪਤੀ ਉਨ੍ਹਾਂ ਕੋਲ ਹੀ ਹੁੰਦਾ ਹੈ। ਉਸ ਦਾ ਵਾਸਾ ਉਨ੍ਹਾਂ ਦੇ ਹਿਰਦੇ ਵਿਚ ਹੁੰਦਾ ਹੈ – 'ਭਗਤ ਜਨਾ ਕੈ ਮਨਿ ਬਿਸ੍ਰਾਮ॥'

O my beloved ! Those, whose bodies are decorated with the Love of God, That Divine Husband, Prabhu lives with them alone. 'He dwells in the hearts of saints'.

## ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ

## ਨਾਨਕ ਕੀ ਅਰਦਾਸ ॥੩॥

ਜੇ ਅਜਿਹੇ ਰੰਗ ਰਤਿਆਂ ਦੀ ਚਰਣ ਧੂੜ ਮਿਲ ਜਾਏ ਤਾਂ ਸ਼ੁਕਰ ਕਰ ਕੇ ਲੈ ਲਉ

ਸਗੋਂ ਨਾਨਕ ਉਸ ਚਰਣ ਧੂੜ ਦੀ ਪ੍ਰਾਪਤੀ ਲਈ ਅਰਦਾਸ ਕਰਦਾ ਹੈ।੩।

Must Welcome, if the dust of feet of such Loved ones is bestowed on you

Nanak even prays for getting such dust.